2026/30842
19/10/2026

ਦਫਤਰ ਨਗਰ ਨਿਗਮ ਬਠਿੰਡਾ

ਪਤਾ- ਨਜਦੀਕ ਰੇਲਵੇ ਸਟੇਸ਼ਨ ਬਠਿੰਡਾ (ਪੰਜਾਬ) 151001

ਫੋਨ ਨੰ. 0164-2252812 ਈਮੇਲ – cmcbathinda@gmail.com

ਪੱਤਰ ਨੰ. **186 CC** ਮਿਤੀ. 17.10.2026

(ਸੈਂਸਜ਼ ਸੈਲ)

ਵੱਲ

ਸਮੂਹ ਵਿਭਾਗਾਂ ਦੇ ਮੁਖੀ,

ਬਠਿੰਡਾ।

ਵਿਸ਼ਾ:- **ਜਨਗਣਨਾ (ਸੈਂਸਜ-2027) ਦੇ ਦੂਸਰੇ ਪੜਾਅ ਦੇ ਕਾਰਜ ਲਈ ਗਿਣਤੀਕਾਰਾਂ ਦੀਆਂ ਡਿਊਟੀਆਂ ਲਗਾਉਣ ਅਤੇ ਸਿਖਲਾਈ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਪੂਰੇ ਦੇਸ਼ ਵਿੱਚ ਜਨਗਣਨਾ-2027 ਦਾ ਕਾਰਜ ਕਰਵਾਇਆ ਜਾ ਰਿਹਾ ਹੈ। ਇਹ ਕਾਰਜ ਰਾਸ਼ਟਰੀ ਮਹੱਤਤਾ ਵਾਲਾ ਹੋਣ ਕਰਕੇ ਇਸ ਨੂੰ ਨਿਰਧਾਰਤ ਸਮੇਂ ਅਨੁਸਾਰ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨੇਪਰੇ ਚਾੜ੍ਹਨਾ ਬਹੁਤ ਜ਼ਰੂਰੀ ਹੈ। ਜਨਗਣਨਾ ਦੇ ਪਹਿਲੇ ਪੜਾਅ ਦਾ ਕੰਮ ਸਫਲਤਾਪੂਰਵਕ ਨੇਪਰੇ ਚੜ੍ਹ ਚੁੱਕਾ ਹੈ ਅਤੇ ਹੁਣ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਨਗਣਨਾ-2027 ਦੇ ਦੂਸਰੇ ਪੜਾਅ ਦਾ ਕਾਰਜ ਸ਼ੁਰੂ ਕੀਤਾ ਜਾ ਚੁੱਕਾ ਹੈ। ਜਨਗਣਨਾ-2027 ਦੇ ਦੂਸਰੇ ਪੜਾਅ ਅਧੀਨ ਖੇਤਰੀ ਕਾਰਜ ਮਿਤੀ 01.12.2026 ਤੋਂ 04.01.2027 ਤੱਕ ਕੀਤਾ ਜਾਣਾ ਨਿਸ਼ਚਿਤ ਕੀਤਾ ਗਿਆ ਹੈ। ਇਸ ਕਾਰਜ ਨੂੰ ਸਮੇਂ ਸਿਰ ਅਤੇ ਸੁਚੱਜੇ ਢੰਗ ਨਾਲ ਪੂਰਾ ਕਰਨ ਲਈ ਆਪ ਜੀ ਦੇ ਵਿਭਾਗ ਨਾਲ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀਆਂ ਡਿਊਟੀਆਂ ਨੱਥੀ ਸੂਚੀ ਅਨੁਸਾਰ ਬਤੌਰ ਗਿਣਤੀਕਾਰ ਇਸ ਦਫ਼ਤਰ ਵੱਲੋਂ ਲਗਾਈਆਂ ਗਈਆਂ ਹਨ।

ਜਨਗਣਨਾ ਦੇ ਦੂਸਰੇ ਪੜਾਅ ਦੇ ਕਾਰਜ ਸਬੰਧੀ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਨੂੰ ਲੋੜੀਂਦੀ ਸਿਖਲਾਈ ਦੇਣ ਲਈ ਮਿਤੀ 21.10.2026 ਤੋਂ 23.10.2026 ਤੱਕ, ਰੋਜ਼ਾਨਾ ਸਵੇਰੇ 09:30 ਵਜੇ ਤੋਂ ਸ਼ਾਮ 06:00 ਵਜੇ ਤੱਕ, ਮੀਟਿੰਗ ਹਾਲ ਨਗਰ ਨਿਗਮ, ਬਠਿੰਡਾ ਵਿਖੇ ਟ੍ਰੇਨਿੰਗ ਕਰਵਾਈ ਜਾਣੀ ਹੈ। ਇਸ ਲਈ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀ ਟ੍ਰੇਨਿੰਗ ਵਿੱਚ ਹਾਜ਼ਰੀ ਯਕੀਨੀ ਬਣਾਉਣਾ ਅਤਿ ਜ਼ਰੂਰੀ ਹੈ।

ਇਸ ਸਬੰਧੀ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ:-

1. ਸਮੂਹ ਵਿਭਾਗਾਂ ਦੇ ਮੁਖੀ ਆਪਣੇ ਅਧੀਨ ਆਉਂਦੇ ਨੱਥੀ ਸੂਚੀ ਵਿੱਚ ਦਰਜ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕਰਨ ਕਿ ਉਹ ਇਸ ਦਫ਼ਤਰ ਵੱਲੋਂ ਸੌਂਪੀ ਗਈ ਗਿਣਤੀਕਾਰਾਂ ਦੀ ਡਿਊਟੀ ਕਰਨ ਲਈ ਪੂਰਨ ਤੌਰ 'ਤੇ ਪਾਬੰਦ ਰਹਿਣਗੇ ਅਤੇ ਜਨਗਣਨਾ-2027 ਦੇ ਕਾਰਜ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਪੂਰਨ ਸਹਿਯੋਗ ਦੇਣਗੇ।

2. ਨੱਥੀ ਸੂਚੀ ਵਿੱਚ ਦਰਜ ਗਿਣਤੀਕਾਰਾਂ ਦੀ **ਸਿਖਲਾਈ (Training) ਮਿਤੀ 21.10.2026 ਤੋਂ 23.10.2026 ਤੱਕ** ਮੀਟਿੰਗ ਹਾਲ ਨਗਰ ਨਿਗਮ ਬਠਿੰਡਾ ਵਿਖੇ ਕਰਵਾਈ ਜਾਵੇਗੀ। ਟ੍ਰੇਨਿੰਗ ਦਾ ਸਮਾਂ **ਸਵੇਰੇ 09:30 ਵਜੇ ਤੋਂ ਸ਼ਾਮ 06:00 ਵਜੇ ਤੱਕ** ਹੋਵੇਗਾ। ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਨੂੰ ਨਿਰਧਾਰਤ ਮਿਤੀ ਅਤੇ ਸਮੇਂ ਅਨੁਸਾਰ ਟ੍ਰੇਨਿੰਗ ਸਥਾਨ 'ਤੇ ਹਾਜ਼ਰ ਹੋਣ ਲਈ ਪਾਬੰਦ ਕੀਤਾ ਜਾਵੇ।

3. ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੱਕ ਨੱਥੀ ਸੂਚੀ ਵਿੱਚ ਦਰਜ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੀ ਬਦਲੀ ਹੋ ਚੁੱਕੀ ਹੈ, ਉਨ੍ਹਾਂ ਦੀ ਥਾਂ 'ਤੇ ਨਵੇਂ ਜੁਆਇਨ ਕੀਤੇ ਅਧਿਕਾਰੀਆਂ ਦੀ ਡਿਊਟੀ ਲਗਾਈ ਜਾਂਦੀ ਹੈ ਅਤੇ ਇਸ ਦਾ ਰਿਕਾਰਡ ਤੁਰੰਤ ਭੇਜਿਆ ਜਾਵੇ ਤਾਂ ਜੋ ਰਿਕਾਰਡ ਵਿੱਚ ਲੋੜੀਂਦੀ ਸੋਧ ਕੀਤੀ ਜਾ ਸਕੇ।

4. ਜਿਹੜੇ ਅਧਿਕਾਰੀ/ਕਰਮਚਾਰੀ ਸਕੂਲ/ਕਾਲਜ ਵਿੱਚ ਨਵੇਂ ਜੁਆਇਨ ਹੋਏ ਹਨ, ਉਨ੍ਹਾਂ ਦਾ ਵੀ ਪੂਰਾ ਵੇਰਵਾ ਇਸ ਦਫ਼ਤਰ ਨੂੰ ਤੁਰੰਤ ਭੇਜਿਆ ਜਾਵੇ, ਤਾਂ ਜੋ ਜਨਗਣਨਾ-2027 ਦੇ ਦੂਸਰੇ ਪੜਾਅ ਲਈ ਲੋੜ ਅਨੁਸਾਰ ਡਿਊਟੀਆਂ ਲਗਾਉਣ ਅਤੇ ਰਿਕਾਰਡ ਅਪਡੇਟ ਕਰਨ ਦੀ ਕਾਰਵਾਈ ਕੀਤੀ ਜਾ ਸਕੇ।

ਨੱਥੀ: ਗਿਣਤੀਕਾਰਾਂ ਦੀ ਸੂਚੀ।

ਸਿਟੀ ਸੈਂਸਜ ਅਫਸਰ ਕਮ ਸਹਾਇਕ ਕਮਿਸ਼ਨਰ

ਨਗਰ ਨਿਗਮ ਬਠਿੰਡਾ।

ਮਿਤੀ. 17.10.2026

ਪਿੱਠ ਅੰਕਣ ਨੰ. 187 CC

ਉਪਰੋਕਤ ਦਾ ਉਤਾਰਾ:-

1. **ਮਾਣਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।**

ਸਿਟੀ ਸੈਂਸਜ ਅਫਸਰ ਕਮ ਸਹਾਇਕ ਕਮਿਸ਼ਨਰ

ਨਗਰ ਨਿਗਮ ਬਠਿੰਡਾ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 1329 ਮਿਤੀ : 19-10-26

ਉਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ
19/10/26